

PA

# ਫਿੰਗਰਪ੍ਰਿੰਟ ਅਤੇ ਯੂਰੋਡੈਕ

**ਇੱਕ ਮੈਂਬਰ ਰਾਜ ਵਿੱਚ ਗੈਰ ਕਾਨੂੰਨੀ ਤੌਰ ‘ਤੇ ਰਹਿਣ ਵਾਲੇ ਤੀਜੇ-ਦੇਸ਼ ਦੇ ਨਾਗਰਿਕਾਂ ਜਾਂ ਰਾਜਰਹਿਤ ਵਿਅਕਤੀਆਂ ਲਈ ਅਧਿਨਿਯਮ (EU) ਨੰਬਰ 603/2013 ਦੇ ਅਨੁਛੇਦ 29 (3) ਅਨੁਸਾਰ ਜਾਣਕਾਰੀ**

ਜੇਕਰ ਤੁਸੀਂ ਡਬਲਿਨ ਰਾਜ ਵਿੱਚ ਗੈਰਕਾਨੂੰਨੀ ਤਰੀਕੇ ਨਾਲ ਰਹਿ ਰਹੇ ਹੋ[1], ਅਧਿਕਾਰੀ ਤੁਹਾਡੇ ਫਿੰਗਰਪ੍ਰਿੰਟ ਲੈ ਸਕਦੇ ਹਨ ਅਤੇ ਉਨ੍ਹਾਂ ਨੂੰ 'ਯੂਰੋਡੈਕ' ਫਿੰਗਰਪ੍ਰਿੰਟ ਡੇਟਾਬੇਸ ਵਿੱਚ ਫਾਰਵਰਡ ਕਰ ਸਕਦੇ ਹਨ। ਇਸ ਦਾ ਇੱਕੋ ਇੱਕ ਉਦੇਸ਼ ਇਹ ਸੁਨਿਸ਼ਚਿਤ ਕਰਨਾ ਹੈ ਕੀ ਕੀ ਤੁਸੀਂ ਪਨਾਹ ਲਈ ਪਹਿਲਾਂ ਹੀ ਅਪਲਾਈ ਕੀਤਾ ਹੈ। ਤੁਹਾਡੇ ਫਿੰਗਰਪ੍ਰਿੰਟ ਡੇਟਾ ਨੂੰ ਯੂਰੋਡੈਕ ਡੇਟਾਬੇਸ ਵਿੱਚ ਸਟੋਰ ਨਹੀਂ ਕੀਤਾ ਜਾਏਗਾ, ਜੇਕਰ ਤੁਸੀਂ ਪਹਿਲਾਂ ਹੀ ਕਿਸੇ ਹੋਰ ਦੇਸ਼ ਵਿੱਚ ਪਨਾਹ ਲਈ ਅਪਲਾਈ ਕੀਤਾ ਹੈ, ਤੁਸੀਂ ਉਸ ਦੇਸ਼ ਵਿੱਚ ਵਾਪਸ ਜਾ ਸਕਦੇ ਹੋ।

ਜੇਕਰ ਤੁਹਾਡੇ ਫਿੰਗਰਪ੍ਰਿੰਟ ਘਟੀਆ ਗੁਣਵੱਤਾ ਵਾਲੇ ਹੁੰਦੇ ਹਨ, ਦੂਜੀਆਂ ਚੀਜਾਂ ਸਮੇਤ ਕਿਉਂਕਿ ਤੁਸੀਂ ਆਪਣੀਆਂ ਉਂਗਲੀਆਂ ਨੂੰ ਜਾਣਬੁੱਝ ਕੇ ਨੁਕਸਾਨ ਪੁਜਾਇਆ ਹੈ, ਤੁਹਾਡੇ ਫਿੰਗਰਪ੍ਰਿੰਟ ਨਿਰੰਤਰ ਲਏ ਜਾਣਗੇ।

ਯੂਰੋਡੈਕ ਇੱਕ ਯੂਰਪੀਅਨ ਯੂਨੀਅਨ ਏਜੰਸੀ ਦੁਆਰਾ ਸੰਚਾਲਿਤ ਕੀਤਾ ਜਾਂਦਾ ਹੈ ਜਿਸ ਨੂੰ eu-LISA ਕਿਹਾ ਜਾਂਦਾ ਹੈ। ਤੁਹਾਡੇ ਡੇਟੇ ਦੀ ਵਰਤੋਂ ਕੇਵਲ ਨਿਰਧਾਰਿਤ ਉਦੇਸ਼ਾਂ ਲਈ ਕੀਤੀ ਜਾ ਸਕਦੀ ਹੈ। ਕੇਵਲ ਯੂਰੋਡੈਕ ਸੈਂਟਰਲ ਸਿਸਟਮ ਤੁਹਾਡੇ ਡੇਟੇ ਨੂੰ ਪ੍ਰਾਪਤ ਕਰਦਾ ਹੈ। ਜੇਕਰ ਭਵਿੱਖ ਵਿੱਚ ਤੁਸੀਂ ਕਿਸੇ ਹੋਰ ਡਬਲਿਨ ਰਾਜ ਵਿੱਚ ਆਪਣੀ ਪਨਾਹ ਦੀ ਅਰਜੀ ਨੂੰ ਫਾਇਲ ਕਰਦੇ ਹੋ, ਤਾਂ ਤੁਹਾਡੇ ਫਿੰਗਰਪ੍ਰਿੰਟਾਂ ਨੂੰ ਯੂਰੋਡੈਕ ਵਿੱਚ ਫਾਰਵਰਡ ਕਰਨ ਲਈ ਲਿਆ ਜਾ ਸਕਦਾ ਹੈ। ਯੂਰੋਡੈਕ ਵਿੱਚ ਸਟੋਰ ਕੀਤੇ ਗਏ ਡੇਟੇ ਦੀ ਦੂਜੇ ਰਾਜਾਂ ਜਾਂ ਡਬਲਿਨ ਰਾਜਾਂ ਨਾਲ ਸੰਬੰਧਿਤ ਨਾ ਹੋਣ ਵਾਲੀਆਂ ਸੰਸਥਾਵਾਂ ਨਾਲ ਅਦਲਾ ਬਦਲੀ ਨਹੀਂ ਕੀਤੀ ਜਾਏਗੀ।

---

1) ਪੂਰੀ ਯੂਰਪੀਅਨ ਯੂਨੀਅਨ ਨਾਲ ਸੰਬੰਧਿਤ (ਆਸਟ੍ਰੀਆ, ਬੈਲਜੀਅਮ, ਬਲਗਾੜੀਆ, ਕ੍ਰੋਸ਼ੀਆ, ਸਾਈਪ੍ਰਸ, ਚੇਕ ਰਿਪਬਲਿਕ, ਡੈਨਮਾਰਕ, ਐਸਟੋਨੀਆ, ਫਿਨਲੈਂਡ, ਫਰਾਂਸ, ਜਰਮਨੀ, ਗਰੀਸ, ਹੰਗਰੀ, ਆਇਰਲੈਂਡ, ਇਟਲੀ, ਲੈਟਵਿਆ, ਲਿਥੁਆਨੀਆ, ਲਗਜ਼ਮਬਰਗ, ਮਾਲਟਾ, ਨੀਦਰਲੈਂਡਜ਼, ਪੋਲੈਂਡ, ਪੁਰਤਗਾਲ, ਰੋਮਾਨੀਆ, ਸਲੋਵਾਕੀਆ, ਸਲੋਵੈਨੀਆ, ਸਪੇਨ, ਸਵੀਡਨ, ਯੂਨਾਈਟਿਡ ਕਿੰਗਡਮ) ਅਤੇ ਡਬਲਿਨ ਰੈਗੂਲੇਸ਼ਨ ਦੇ ਚਾਰ 'ਸੰਬੰਧਿਤ' ਦੇਸ਼ (ਨਾਰਵੇ, ਆਈਸਲੈਂਡ, ਸਵਿਟਜ਼ਰਲੈਂਡ ਅਤੇ ਲਿਚੈਂਸਟੀਨ)।

**©European Union 2014**
ਪੁਨਰ ਉਤਪਾਦਨ ਦੀ ਇਜਾਜ਼ਤ ਹੈ। ਵਿਅਕਤੀ ਦੀਆਂ ਫੋਟੋਆਂ ਦੀ ਵਰਤੋਂ ਜਾਂ ਡੁਪਲੀਕੇਸ਼ਨ ਲਈ ਇਜਾਜ਼ਤ ਕਾਪੀਰਾਇਟ ਦੇ ਮਾਲਕਾਂ ਤੋਂ ਸਿੱਧਿਆਂ ਪ੍ਰਾਪਤ ਕੀਤੀ ਜਾਣੀ ਹੈ।



## ਸੰਪਰਕ ਲਈ ਵੇਰਵੇ

**ਰਿਫਿਉਜੀ ਅਥਾਰਿਟੀ ਦਾ ਪਤਾ ਅਤੇ ਵੇਰਵੇ**
Bundesamt für Migration und
Flüchtlinge (BAMF)
Frankenstraße 210
90461 Nürnberg
**ਟੈਲੀਫੋਨ**: +49 (0)911 943 0
**ਫੈਕਸ**: +49 (0)911 943 10000
**ਈਮੇਲ**: service@bamf.bund.de

**ਯੂਰੋਡੈਕ ਜਾਂਚਕਰਤਾ ਦਾ ਪਤਾ ਅਤੇ ਵੇਰਵੇ**
Bundeskriminalamt (BKA)
65173 Wiesbaden
**ਟੈਲੀਫੋਨ**: +49 (0)611 55 0
**ਫੈਕਸ**: +49 (0)611 55 12141
www.bka.de

**ਜੇਕਰ ਸਾਡੇ ਅਧਿਕਾਰੀਆਂ ਨੂੰ ਸੰਦੇਹ ਹੁੰਦਾ ਹੈ ਕਿ ਤੁਸੀਂ ਕਿਸੇ ਹੋਰ ਰਾਜ ਵਿੱਚ ਪਨਾਹ ਲੈਣ ਲਈ ਅਪਲਾਈ ਕੀਤਾ ਹੋ ਸਕਦਾ ਹੈ ਅਤੇ ਇਹ ਕਿ ਕੋਈ ਹੋਰ ਰਾਜ ਉਸ ਅਰਜੀ ਦੀ ਜਾਂਚ ਕਰਨ ਲਈ ਜਿੰਮੇਵਾਰ ਹੋ ਸਕਦਾ ਹੈ, ਤਾਂ ਉਹ ਤੁਹਾਨੂੰ ਅਗਲੀ ਪ੍ਰਕਿਰਿਆ ਅਤੇ ਇਹ ਤੁਹਾਨੂੰ ਅਤੇ ਤੁਹਾਡੇ ਅਧਿਕਾਰਾਂ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ ਇਸ ਬਾਰੇ ਹੋਰ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰਨਗੇ।**

